# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **8.6.2020**

# ਦੀ ਕਾਰਵਾਈ

(ਮਤਾ ਨੰ:– **71-80**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 8.6.2020 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ
6. ਸ਼੍ਰੀ ਗਿਆਨ ਚੰਦ, ਕੌਂਸਲਰ ..................................... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.6.2020

ਮਤਾ ਨੰਬਰ:- 71

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 29.5.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 29.5.2020 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ :

- ਮਿਤੀ 24.2.2020 ਦੀ ਮੱਦ ਨੰ: 43 ਸਬੰਧੀ ਮਿਤੀ 3.3.2020 ਨੂੰ ਹੋਈ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਸੀ ਕਿ ਜ਼ੋਨ ਨੰ: 7 ਦੇ ਪੁਰਾਣੇ ਠੇਕੇਦਾਰ ਪਾਸੋਂ 100% ਲਾਈਟਾਂ ਜਗਦੀਆਂ ਵਾਪਸ ਲੈਣ ਹਿੱਤ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ, ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਸ੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ, ਵਾਰਡ ਨੰ: 58 ਸਟਰੀਟ ਲਾਈਟ ਐਡਹਾਕ ਕਮੇਟੀ, ਸ੍ਰੀ ਗੁਰਚੈਣ ਸਿੰਘ, ਕਾਰਜਕਾਰੀ ਇੰਜ਼ੀਨਿਅਰ, ਸ੍ਰੀ ਸੁਰੇਸ਼ ਕੁਮਾਰ, ਐਸ.ਡੀ.ਓ., ਸ੍ਰੀ ਅਨਿਲ ਚੱਡਾ, ਜੇ.ਈ. ਦੀ ਇੱਕ ਕਮੇਟੀ ਬਣਾਈ ਜਾਂਦੀ ਹੈ ਜਿਹੜੀ ਕਿ 100% ਪੁਆਇੰਟਸ ਚੈਕ ਕਰੇਗੀ ਅਤੇ ਖ਼ਾਸ ਤੌਰ ਤੇ ਇਹਨਾਂ ਪੁਆਇੰਟਾਂ ਦੀਆਂ ਚੋਕਾਂ ਅਤੇ ਬਲਬਾਂ ਨੂੰ ਚੈਕ ਕਰੇਗੀ। ਮਿਤੀ 29.5.2020 ਨੂੰ ਹੋਈ ਮੀਟਿੰਗ ਵਿੱਚ ਇਸ ਸਬੰਧੀ ਨਿਗਰਾਨ ਇੰਜੀਨੀਅਰ (ਲਾਈਟ) ਨੂੰ ਪੁੱਛਿਆ ਗਿਆ ਤਾਂ ਉਹਨਾਂ ਵਲੋਂ ਦੱਸਿਆ ਗਿਆ ਕਿ ਇਹ ਕੰਮ ਅੱਜ ਤੋਂ ਸ਼ੁਰੂ ਹੋ ਗਿਆ ਹੈ ਜਿਸ ਤੇ ਮੇਅਰ ਜੀ ਨੇ ਪੁੱਛਿਆ ਕਿ ਮਿਤੀ 3.3.2020 ਨੂੰ ਹੋਏ ਫੈਸਲੇ ਅਨੁਸਾਰ ਪਹਿਲਾਂ ਇਹ ਕੰਮ ਕਿਓਂ ਨਹੀਂ ਸ਼ੁਰੂ ਹੋਇਆ ।ਉਹਨਾਂ ਇਹ ਵੀ ਪੁੱਛਿਆ ਇਸ ਜ਼ੋਨ ਦੇ ਨਵੇਂ ਵਰਕ ਆਰਡਰ ਦੀ ਕੀ ਮਿਤੀ ਹੈ । ਇਸ ਵਰਕ ਆਰਡਰ ਤੋਂ ਪਹਿਲਾਂ ਜਿਹੜਾ ਉਸ ਠੇਕੇਦਾਰ ਨੇ ਕੰਮ ਨਹੀਂ ਕੀਤਾ ਉਸ ਬਾਰੇ ਕੀ ਉਸ ਨੂੰ ਜੁਰਮਾਨਾ ਲਗਾਉਣਾ ਨਹੀਂ ਬਣਦਾ? ਇਸ ਸਬੰਧੀ ਸਾਰੀ ਡਿਟੇਲ ਉਹਨਾਂ ਨੂੰ ਦਿੱਤੀ ਜਾਵੇ।

  ਜਿਸ ਸਬੰਧੀ ਅੱਜ ਦੀ ਮੀਟਿੰਗ ਦੌਰਾਨ ਐਸ.ਈ.(ਲਾਈਟ) ਨੇ ਦੱਸਿਆ ਕਿ ਕੁਲ 6 ਜ਼ੋਨਾਂ ਦਾ ਜੁਰਮਾਨਾ ਕੈਲਕੁਲੇਟ ਕਰ ਲਿਆ ਗਿਆ ਹੈ ਅਤੇ ਸਿਰਫ ਇੱਕ ਹੀ ਜ਼ੋਨ ਦਾ ਜੁਰਮਾਨਾ ਕੈਲਕੁਲੇਟ ਕਰਨਾ ਹੈ ਅਤੇ ਕੰਪਾਈਲ ਕਰਕੇ ਕਲ੍ਹ ਮੇਅਰ ਜੀ ਨੂੰ ਦੇ ਦਿੱਤਾ ਜਾਵੇਗਾ । ਜਿਸ ਤੇ ਮੇਅਰ ਜੀ ਨੇ ਪੁੱਛਿਆ ਕਿ ਇੰਨੀ ਦੇਰੀ ਕਿਉਂ ਹੋਈ ਹੈ ਜਿਸ ਤੇ ਐਸ.ਈ.(ਲਾਈਟ) ਨੇ ਦੱਸਿਆ ਕਿ ਜਿਵੇਂ ਜਿਵੇਂ ਬਿਲ ਪੁੱਟ-ਅਪ ਹੁੰਦੇ ਹਨ ਤਾਂ ਜੁਰਮਾਨਾ ਕੈਲਕੁਲੇਟ ਕੀਤਾ ਜਾਂਦਾ ਹੈ ਤਾਂ ਮੇਅਰ ਜੀ ਨੇ ਪੁੱਛਿਆ ਕਿ ਕੀ ਇਹ ਬਿਲ ਮਹੀਨਾਵਾਰ ਨਹੀਂ ਪੁਟ-ਅਪ ਹੁੰਦੇ। ਟਰਮਜ਼ ਐਂਡ ਕੰਡੀਸ਼ਨਸ ਅਨੁਸਾਰ ਇਹ ਬਿਲ ਮਹੀਨਾਵਾਰ ਪੁੱਟ-ਅਪ ਹੋਣੇ ਚਾਹੀਦੇ ਹਨ ।

  ਕਮਿਸ਼ਨਰ ਜੀ ਨੇ ਐਸ.ਈ.(ਲਾਈਟ) ਨੂੰ ਪੁੱਛਿਆ ਕਿ ਇਹਨਾਂ ਜ਼ੋਨਾਂ ਦਾ ਪਿਛਲਾ ਟੈਂਡਰ ਕਦ ਖ਼ਤਮ ਹੋਇਆ ਸੀ ਤਾਂ ਐਸ.ਈ.(ਲਾਈਟ) ਨੇ ਦੱਸਿਆ ਕਿ 31 ਜਨਵਰੀ, 2020 ਨੂੰ ਇਹ ਕੰਮ ਖਤਮ ਹੋ ਚੁੱਕੇ ਹਨ ਤਾਂ ਕਮਿਸ਼ਨਰ ਜੀ ਦੇ ਕਿਹਾ ਕਿ ਫਿਰ ਤਾਂ 1.2.2020 ਨੂੰ ਸਾਰੇ ਜ਼ੋਨਾਂ ਨੂੰ 100% ਨਗਰ ਨਿਗਮ ਨੇ ਚਾਲੂ ਹਾਲ੍ਹਤ ਵਿੱਚ ਟੇਕ ਓਵਰ ਕਿਓਂ ਨਹੀਂ ਕੀਤਾ। ਇਸ ਤੇ ਕਮਿਸ਼ਨਰ ਜੀ ਨੇ ਸੁਝਾਓ ਦਿੱਤਾ ਕਿ ਸਬੰਧਤ ਦੋਵੇਂ ਜੂਨੀਅਰ ਇੰਜੀਨਿਅਰਜ਼ ਦੇ ਵਿਰੁੱਧ ਸਰਕਾਰ ਨੂੰ ਚਾਰਜਸ਼ੀਟ ਬਣਾ ਕੇ ਭੇਜੀ ਜਾਵੇ ਜਿਸ ਤੇ ਕਮੇਟੀ ਨੇ ਸਹਿਮਤੀ ਪ੍ਰਗਟਾਈ ।
- ਵਿੱਤ ਅਤੇ ਠੇਕਾ ਕਮੇਟੀ ਦੀ ਮਿਤੀ 29.5.2020 ਦੀ ਮੱਦ ਨੰ: 55(2), 56(2), 57, 58, 61 ਅਤੇ 63 ਜਿਹੜੀਆਂ ਕਿ ਲੰਬਿਤ ਰੱਖੀਆਂ ਗਈਆਂ ਸਨ, ਮੁੜ੍ਹ ਵਿਚਾਰਣ ਉਪਰੰਤ ਇਹ ਮੱਦਾਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ। ਮੱਦ ਨੰ: 63 ਸਬੰਧੀ ਡੀ.ਸੀ.ਐਫ.ਏ. ਵਲੋਂ ਸਾਈਟ ਬਦਲੀ ਤੇ ਜਿਹੜਾ ਇਤਰਾਜ਼ ਉਠਾਇਆ ਗਿਆ ਸੀ ਸਬੰਧੀ ਕਮਿਸ਼ਨਰ ਜੀ ਨੇ ਵੀ ਸਹਿਮਤੀ ਪ੍ਰਗਟਾਈ ਅਤੇ ਕਿਹਾ ਕਿ ਤਕਨੀਕੀ ਤੌਰ ਤੇ ਸਾਈਟ ਬਦਲੀ ਕਰਨਾ ਜਾਇਜ਼ ਨਹੀਂ ਹੈ ।
- ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 29.5.2020 ਦੀ ਮੱਦ ਨੰ: 56(1) ਜਿਹੜੀ ਕਿ ਲੰਬਿਤ ਰੱਖੀ ਗਈ ਸੀ ਬਾਰੇ ਮੁੜ੍ਹ ਫੈਸਲਾ ਹੋਇਆ ਕਿ ਇਸ ਕੰਮ ਦਾ ਮੌਕਾ ਮੇਅਰ, ਸੀਨਿਅਰ ਡਿਪਟੀ ਮੇਅਰ ਅਤੇ ਡਿਪਟੀ ਸਬੰਧਤ ਐਸ.ਈ.(ਬੀ ਐਂਡ ਆਰ) ਨਾਲ ਦੇਖਣਗੇ ।
- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.6.2020

**ਮਤਾ ਨੰਬਰ:- 72**

ਵਿਸ਼ਾ:- Provisioning of Security Audit Certificate for the Website/application /Portal hosted in State Data Center at Mohali ਦੇ ਬਾਰੇ।

ਪੜਿਆ ਨੋਟ ਸਿਸਟਮ ਮੈਨੇਜਰ ਮਿਤੀ: 2.06.2020 ਕਿ ਡਿਪਾਰਟਮੇਂਟ ਆਫ ਗਵਰਨਸ ਰਿਫੋਰਮ ਪੰਜਾਬ ਦੀ ਈ-ਮੇਲ ਮਿਤੀ: 28.04.2020 ਦੇ ਸਬੰਧ ਵਿੱਚ ਲਿਖਿਆ ਜ਼ਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਨਿਗਮ ਜਲੰਧਰ ਵੱਲੋ ਪੰਜਾਬ ਸਰਕਾਰ ਦੇ ਵੇਬ ਡੋਮੇਨ ਤੇ ਨਗਰ ਨਿਗਮ ਜਲੰਧਰ ਦੀ http://mcjalandhar.punjab.gov.in ਵੇਬ ਸਾਇਟ ਬਣਾਈ ਗਈ ਸੀ।ਜੋ ਕਿ ਡਿਪਾਰਟਮੇਂਟ ਆਫ ਗਵਰਨਸ ਰਿਫੋਰਮ ਪੰਜਾਬ ਦੇ ਸਟੇਟ ਡਾਟਾ ਸੈਂਟਰ ਤੇ ਚੱਲ ਰਹੀ ਹੈ।

ਵਧੀਕ ਮੁੱਖ ਸਕੱਤਰ,ਡਿਪਾਰਟਮੇਂਟ ਆਫ ਗਵਰਨਸ ਰਿਫੋਰਮ, ਪੰਜਾਬ ਦੇ ਹੁੱਕਮਾਂ ਅਨੁਸਾਰ ਨਗਰ ਨਿਗਮ ਨੂੰ ਇਸ ਦਾ Security Audit ਕਰਵਾਉਣ ਦੀ ਹਦਾਇਤ ਕੀਤੀ ਗਈ ਹੈ। ਇਹ ਸਕਿਉਰਟੀ ਆਡਰ ਸਲਾਨਾਂ ਹੋਵੇਗਾ ਅਤੇ ਇਹ Security Audit Certificate ਲੈਣ ਲਈ ਡਿਪਾਰਟਮੇਂਟ ਆਫ ਗਵਰਨਸ ਰਿਫੋਰਮ ਪੰਜਾਬ ਵੱਲੋ Indian Computer Emergency Response Team (CERT-In), Ministry of Electronics and information Technology (MeitY), GoI had empanelled IT Security Auditing Organizations ਕੀਤੀਆਂ ਗਈਆਂ ਹਨ। ਜਿਸ ਵਿੱਚੋ ਤਿੰਨ ਇੰਮਪੇਨਲ ਕੰਪਨੀਆ ਤੋਂ Security Audit ਕਰਵਾਉਣ ਲਈ ਕੁਟੇਸ਼ਨਾਂ ਲੀਤੀਆਂ ਗਈਆਂ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ: | ਕੰਪਨੀ ਦਾ ਨਾਮ | ਰੇਟ | ਜੀ.ਐਸ.ਟੀ 18% | ਕੁੱਲ ਰਕਮ |
|---|---|---|---|---|
| 1 | M/s AAA Technologies Pvt. Ltd.<br>278-280, F-Wing, Solaris-1, Saki Vihar Road, Opp. L&T Gate No. 6, Powai, Andheri (East), Mumbai – 400072. | 35000/- | 6300/- | 41300/- |
| 2 | M/s AKS Information Technology Services Pvt. Ltd.<br>B-21, Sector – 59, Noida (UP) - 201309 | 34500/- | 6210/- | 40710/- |
| 3 | M/s Centre for Development of Advance Computing (C-Dac) Plot No. 6 & 7, Hardware Park, Sy No. 1/1, Srisailam Highway, Pahadi Shareef Via Keshavagiri (Post) Hyderabad - 500005 | 48000/- | 8640/- | 56640/- |

ਉਕਤ ਦੀ ਤੁਲਨਾਤਮਕ ਸੁਚੀ ਬਣਾਉਣ ਤੇ M/s AKS Information Technology Services Pvt. Ltd. B-21, Sector – 59, Noida (UP) – 201309 ਦੇ ਉਕਤ ਕੰਮ ਕਰਵਾਉਣ ਦੇ ਰੇਟ ਘੱਟ ਪਾਏ ਗਏ ਹਨ।ਉਕਤ ਕੰਪਨੀ ਤੋਂ ਕੰਮ ਕਰਵਾਉਣ ਦੀ ਮੰਜੂਰੀ ਲਈ ਇਸ ਤਖਮੀਨੇ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਇਹ ਇੱਕ ਅਤਿ ਮਹੱਤਵਪੂਰਨ ਹੈ ਅਤੇ ਇਹ ਇੱਕ Emergerncy/ Urgent-nature ਕੰਮ ਹੈ।

ਸੰਯੁਕਤ ਕਮਿਸ਼ਨਰ ਮਿਤੀ: 2.6.2020 ਰਾਹੀਂ ਮਾਮਲਾ ਨਗਰ ਨਿਗਮ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 3.6.2020 ਰਾਹੀ ਵਿੱਤ ਅਤੇ ਠੇਕਾ ਕਮੇਟੀ ਦੀ ਪੁਰਵ ਪ੍ਰਵਾਨਗੀ ਹਿੱਤ ਭੇਜਣ ਦੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 3.6.2020 ਰਾਹੀਂ ਇਸ ਕੇਸ ਨੂੰ ਨਗਰ ਨਿਗਮ ਵਿੱਤ ਅਤੇ ਠੇਕਾ ਕਮੇਟੀ ਦੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜ਼ੂਰੀ ਦਿੱਤੀ ਹੈ।ਵਿੱਤ ਅਤੇ ਠੇਕਾ ਕਮੇਟੀ ਵਿੱਚ ਫੈਸਲੇ ਹਿੱਤ ਪੇਸ਼ ਹੈ ਜੀ।

ਕੇਸ ਨਗਰ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ :

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.6.2020

ਮਤਾ ਨੰਬਰ:- 73

ਵਿਸ਼ਾ:- ਜਲੰਧਰ ਸ਼ਹਿਰ ਦੇ ਵੈਸਟ ਹਲਕੇ ਦੇ ਵੱਖ-ਵੱਖ ਵਾਰਡਾਂ ਵਿਚੋਂ ਕੂੜਾ ਚੁੱਕਣ ਲਈ 6 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇੱਕ ਸਾਲ ਵਾਸਤੇ ਕਿਰਾਏ ਤੇ ਲੈਣ ਬਾਰੇ।

ਪੜ੍ਹਿਆ ਨੋਟ ਹੈਲਥ ਅਫਸਰ ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਿਹਤ ਸ਼ਾਖਾ ਵਲੋਂ ਕੀਤੀ ਗਈ ਮੰਗ ਅਨੁਸਾਰ ਸਿਹਤ ਅਫਸਰ ਵਲੋਂ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸ਼ਹਿਰ ਦੇ ਵੈਸਟ ਹਲਕੇ ਦੇ ਵੱਖ-ਵੱਖ ਵਾਰਡਾਂ ਵਿਚੋਂ ਕੂੜਾ ਚੁੱਕਣ ਲਈ 6 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇੱਕ ਸਾਲ ਵਾਸਤੇ ਕਿਰਾਏ ਤੇ ਲੈਣ ਵਾਸਤੇ ਤਖਮੀਨਾ ਰੁਪਏ 57,73,248/- ਦਾ ਤਿਆਰ ਕੀਤਾ ਗਿਆ ਹੈ। ਇਸ ਤਖਮੀਨੇ ਦੀ ਇਨ ਐਟੀਸੀਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਮਿਤੀ 20.08.2019 ਰਾਹੀਂ ਦਿੱਤੀ ਗਈ ਅਤੇ ਬਾਅਦ ਵਿੱਚ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 148(3) ਮਿਤੀ 24.12.2019 ਰਾਹੀਂ ਇਸ ਨੂੰ ਪ੍ਰਵਾਨ ਕੀਤਾ ਗਿਆ।

ਇਸ ਕੰਮ ਲਈ ਵਿਸਥਾਰਪੂਰਵਕ ਐਨ.ਆਈ.ਟੀ ਤਿਆਰ ਕਰਕੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਟਜ ਸਿਸਟਮ ਅਧੀਨ ਠੇਕੇਦਾਰਾਂ ਤੋਂ ਮਿਤੀ 30.09.2019 ਲਈ ਮੰਗੇ ਗਏ ਤੇ ਸਿਰਫ 2 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਨੂੰ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਰੱਦ ਕਰ ਦਿੱਤਾ ਗਿਆ।

ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 18.10.2019 ਲਈ ਮੰਗੇ ਗਏ ਸਨ ਤੇ 4 ਟੈਂਡਰ ਪ੍ਰਾਪਤ ਹੋਏ, ਜਿਸ ਵਿੱਚ ਠੇਕੇਦਾਰ ਵਿਕਾਸ ਧਵਨ ਦੀ ਬਿਡ ਮਿਆਰ ਪਖੋਂ ਪੂਰੀ ਨਾ ਹੋਣ ਕਾਰਨ ਇਸ ਨੂੰ ਤਕਨੀਕੀ ਖਪੋਂ ਕੈਂਸਲ ਕਰਦੇ ਹੋਏ ਬਾਕੀ 3 ਠੇਕੇਦਾਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਘੱਟ ਰੇਟਾਂ ਵਾਲੀ ਅਜੰਸੀ ਦੇ ਟੈਂਡਰ ਪ੍ਰਵਾਨਗੀ ਹਿੱਤ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 205 ਮਿਤੀ 06.12.2019 ਰਾਹੀਂ ਇਹ ਮੱਦ ਲੰਬਿਤ ਰਖਦੇ ਹੋਏ ਫੈਸਲਾ ਹੋਇਆ ਕਿ ਇਨ੍ਹਾਂ ਟਰਾਲੀਆਂ ਪਾਸੋਂ ਲਏ ਜਾਣ ਵਾਲੇ ਕੰਮਾਂ ਲਈ ਕੀਤੀ ਗਈ ਪਲਾਨਿੰਗ ਸਬੰਧੀ ਰਿਪੋਰਟ ਲਿਖਤੀ ਰੂਪ ਵਿੱਚ ਕਮੇਟੀ ਨੂੰ ਪੇਸ਼ ਕੀਤੀ ਜਾਵੇ। ਇਹ ਵੀ ਫੈਸਲਾ ਹੋਇਆ ਕਿ ਪਿਛਲੀਆਂ ਟਰਾਲੀਆਂ ਨੂੰ ਐਨ.ਆਈ.ਟੀ ਦੀਆਂ ਸ਼ਰਤਾਂ ਅਨੁਸਾਰ ਲਗਾਏ ਗਏ ਜੁਰਮਾਨੇ ਸਮੇਤ ਮਿਸਲਾਂ ਕਮੇਟੀ ਨੂੰ ਪੇਸ਼ ਕੀਤੀਆਂ ਜਾਣ।

ਇਸ ਉਪਰੰਤ ਇਹ ਕੇਸ ਦੋਬਾਰਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 19 ਮਿਤੀ 08.01.2020 ਰਾਹੀਂ ਫੈਸਲਾ ਲੈਂਦੇ ਹੋਏ ਇਹ ਮੱਦ ਲੰਬਿਤ ਰਖੀ ਗਈ। ਇਸ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 20 ਮਿਤੀ 23.01.2020 ਰਾਹੀਂ ਇਹ ਟੈਂਡਰ ਰੱਦ ਕਰਕੇ ਦੋਬਾਰਾ ਟੈਂਡਰ ਮੰਗਣ ਲਈ ਕਿਹਾ ਗਿਆ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 24.02.2020 ਲਈ ਮੰਗੇ ਗਏ। ਇਸ ਕੰਮ ਦੇ 2 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਵਿਚੋਂ ਮੈਸ: ਗੋਰਵ ਗੁਪਤਾ, ਕੰਟਰੈਕਟਰ ਦਾ ਟੈਂਡਰ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ ਅਤੇ ਮੈਸ: ਵਿਸ਼ਾਲ ਕਲੀਆਨ, ਕੰਟਰੈਕਟਰ ਦਾ ਟੈਂਡਰ ਤਕਨੀਕੀ ਪਖੋਂ ਪੂਰਾ ਨਹੀਂ ਸੀ। ਇਸ ਲਈ ਕੇਵਲ ਮੈਸ: ਗੋਰਵ ਗੁਪਤਾ, ਕੰਟਰੈਕਟਰ ਦੀ ਵਿੱਤੀ ਬਿਡ ਖੋਲੀ ਗਈ। ਠੇਕੇਦਾਰ ਵਲੋਂ ਵਿਸ਼ੇ ਅਧੀਨ ਕੰਮ ਤੇ 10.13% ਸੇਵਿੰਗ ਪਾਈ ਗਈ ਹੈ, ਜਿਸ ਅਨੁਸਾਰ ਠੇਕੇਦਾਰ ਵਲੋਂ ਇਹ ਕੰਮ ਤਖਮੀਨਾ ਰੁਪਏ 57,73,248/- ਦੇ ਵਿਰੁੱਧ ਰੁਪਏ 51,88,418/- ਵਿੱਚ ਕੀਤਾ ਜਾਣਾ ਹੈ।

ਕਿਉਂ ਜ਼ੋ ਸਥਾਨਕ ਸਰਕਾਰ ਦੀਆਂ SOP ਦੀਆਂ ਸ਼ਰਤਾ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਤੋਂ ਲੈਣੀ ਜਰੂਰੀ ਹੁੰਦੀ ਹੈ। ਇਸ ਲਈ ਉਪਰੋਕਤ ਕੰਮ ਦਾ ਤਖਮੀਨਾ ਰੁਪਏ 50.00 ਲੱਖ ਤੋਂ ਜਿਆਦਾ ਦਾ ਹੋਣ ਕਾਰਨ ਇਸ ਦਫਤਰ ਵਲੋਂ ਪੱਤਰ ਨੰਬਰ SPL/4D/1 ਮਿਤੀ 16.04.2020 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਟੈਂਡਰ ਦੀ ਵੈਟਿੰਗ ਹਿੱਤ ਕੇਸ ਭੇਜਿਆ ਗਿਆ।

ਇਸ ਉਪਰੰਤ ਚੀਫ ਇੰਜੀਨੀਅਰ ਜੀ ਵਲੋਂ ਆਪਣੇ ਪੱਤਰ ਨੰਬਰ ਸੀ.ਈ-2020/18073 ਮਿਤੀ 01.05.2020 ਰਾਹੀਂ Comparative Statement ਦੀ ਵੈਟਿੰਗ ਕਰਦੇ ਹੋਏ ਤਖਮੀਨਾ ਰੁਪਏ 57,73,000/- ਦੇ ਵਿਰੁੱਧ ਰੁਪਏ 51,88,418/- ਦੀ ਵੈਟਿੰਗ ਕੀਤੀ ਗਈ ਹੈ। ਇਥੇ ਇਹ ਦਸਿਆ ਜਾਂਦਾ ਹੈ ਕਿ ਠੇਕੇਦਾਰ ਨੂੰ ਈ.ਪੀ.ਐਫ/ ਈ.ਐਸ.ਆਈ ਦੀ ਅਦਾਇਗੀ ਐਕਚੁਅਲ ਬੇਸ ਤੇ (As per amended by Govt. time to time) ਕੀਤੀ ਜਾਵੇਗੀ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਅੰਤਿਮ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 27.5.2020 ਅਤੇ ਕਮਿਸ਼ਨਰ ਜੀ ਨੇ ਮਿਤੀ 27.5.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ 4-06-2020 ਰਾਂਹੀ ਟੈਂਡਰ ਵਿੱਤ ਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ/ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ :

ਵਿਚਾਰ ਵਟਾਂਦਰੇ ਦੌਰਾਨ ਕਮਿਸ਼ਨਰ ਜੀ ਨੇ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਕਿ ਇਸ ਟੈਂਡਰ ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿਖੇ ਸਿਵਲ ਰਿਟ ਪਟੀਸ਼ਨ ਨੰ: 7416 ਆਫ 2020 ਦਾਇਰ ਹੋਈ ਹੈ ਜਿਸ ਤੇ ਕਮੇਟੀ ਵਲੋਂ ਇਸ ਟੈਂਡਰ ਨੂੰ ਇਸ ਸ਼ੁਰਤ ਤੇ ਪ੍ਰਵਾਨਗੀ ਦਿੱਤੀ ਕਿ ਮਾਨਯੋਗ ਅਦਾਲਤ ਦਾ ਇਸ ਕੇਸ ਵਿੱਚ ਜ਼ੋ ਵੀ ਫੈਸਲਾ ਹੋਵੇਗਾ, ਉਹ ਦੋਵੇਂ ਧਿਰਾਂ ਨੂੰ ਮੰਨਣਾ ਪਵੇਗਾ ।ਫੈਸਲਾ ਹੋਇਆ ਕਿ ਇਹਨਾਂ ਟਰਾਲੀਆਂ ਤੋਂ ਲਏ ਜਾਣ ਵਾਲੇ ਕੰਮ ਦਾ ਪੂਰਾ ਕੰਟਰੋਲ ਹੈਲਥ ਐਂਡ ਸੈਨੀਟੇਸ਼ਨ ਕਮੇਟੀ ਪਾਸ ਰਹੇਗਾ ਅਤੇ ਟਰਾਲੀਆਂ ਤੇ ਕੰਮ ਕਰਨ ਵਾਲੇ ਡਰਾਈਵਰ ਅਤੇ ਲੇਬਰ ਵਰਦੀ ਪਾ ਕੇ ਕੰਮ ਕਰਨਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.6.2020

ਮਤਾ ਨੰਬਰ:- 74

ਵਿਸ਼ਾ:- ਜਲੰਧਰ ਸ਼ਹਿਰ ਦੇ ਸੈਂਟਰਲ ਹਲਕੇ ਦੇ ਵੱਖ-ਵੱਖ ਵਾਰਡਾਂ ਵਿਚੋਂ ਕੂੜਾ ਚੁੱਕਣ ਲਈ 7 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇੱਕ ਸਾਲ ਵਾਸਤੇ ਕਿਰਾਏ ਤੇ ਲੈਣ ਬਾਰੇ।

ਪੜ੍ਹਿਆ ਨੋਟ ਹੈਲਥ ਅਫਸਰ ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਿਹਤ ਸ਼ਾਖਾ ਵਲੋਂ ਕੀਤੀ ਗਈ ਮੰਗ ਅਨੁਸਾਰ ਸਿਹਤ ਅਫਸਰ ਵਲੋਂ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸ਼ਹਿਰ ਦੇ ਸੈਂਟਰਲ ਹਲਕੇ ਦੇ ਵੱਖ-ਵੱਖ ਵਾਰਡਾਂ ਵਿਚੋਂ ਕੂੜਾ ਚੁੱਕਣ ਲਈ 7 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇੱਕ ਸਾਲ ਵਾਸਤੇ ਕਿਰਾਏ ਤੇ ਲੈਣ ਵਾਸਤੇ ਤਖਮੀਨਾ ਰੁਪਏ 67,35,456/- ਦਾ ਤਿਆਰ ਕੀਤਾ ਗਿਆ ਹੈ। ਇਸ ਤਖਮੀਨੇ ਦੀ ਇਨ ਐਟੀਸੀਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਮਿਤੀ 20.08.2019 ਰਾਹੀਂ ਦਿੱਤੀ ਗਈ ਅਤੇ ਬਾਅਦ ਵਿੱਚ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 148(2) ਮਿਤੀ 24.12.2019 ਰਾਹੀਂ ਇਸ ਨੂੰ ਪ੍ਰਵਾਨ ਕੀਤਾ ਗਿਆ।

ਇਸ ਕੰਮ ਲਈ ਵਿਸਥਾਰਪੂਰਵਕ ਐਨ.ਆਈ.ਟੀ ਤਿਆਰ ਕਰਕੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਟਜ ਸਿਸਟਮ ਅਧੀਨ ਠੇਕੇਦਾਰਾਂ ਤੋਂ ਮਿਤੀ 30.09.2019 ਲਈ ਮੰਗੇ ਗਏ ਤੇ ਸਿਰਫ 1 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਨੂੰ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਰੱਦ ਕਰ ਦਿੱਤਾ ਗਿਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 18.10.2019 ਲਈ ਮੰਗੇ ਗਏ ਸਨ ਤੇ 3 ਟੈਂਡਰ ਪ੍ਰਾਪਤ ਹੋਏ, ਜਿਸ ਵਿੱਚ ਇੱਕ ਅਜੰਸੀ ਦੀ ਬਿਡ ਮਿਆਰ ਪਖੋਂ ਪੂਰੀ ਨਾ ਹੋਣ ਕਾਰਨ ਇਸ ਨੂੰ ਕੈਂਸਲ ਕਰ ਦਿੱਤਾ ਗਿਆ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 07.11.2019 ਰਾਹੀਂ ਮੰਗੇ ਗਏ ਤੇ ਸਿਰਫ 1 ਟੈਂਡਰ ਪ੍ਰਾਪਤ ਹੋਇਆ। ਇਸ ਉਪਰੰਤ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 205 ਮਿਤੀ 06.12.2019 ਰਾਹੀਂ ਇਹ ਮੱਦ ਲੰਬਿਤ ਰਖਦੇ ਹੋਏ ਫੈਸਲਾ ਹੋਇਆ ਕਿ ਇਨ੍ਹਾਂ ਟਰਾਲੀਆਂ ਪਾਸੋਂ ਲਏ ਜਾਣ ਵਾਲੇ ਕੰਮਾਂ ਲਈ ਕੀਤੀ ਗਈ ਪਲਾਨਿੰਗ ਸਬੰਧੀ ਰਿਪੋਰਟ ਲਿਖਤੀ ਰੂਪ ਵਿੱਚ ਕਮੇਟੀ ਨੂੰ ਪੇਸ਼ ਕੀਤੀ ਜਾਵੇ। ਇਹ ਵੀ ਫੈਸਲਾ ਹੋਇਆ ਕਿ ਪਿਛਲੀਆਂ ਟਰਾਲੀਆਂ ਨੂੰ ਐਨ.ਆਈ.ਟੀ ਦੀਆਂ ਸ਼ਰਤਾਂ ਅਨੁਸਾਰ ਲਗਾਏ ਗਏ ਜੁਰਮਾਨੇ ਸਮੇਤ ਮਿਸਲਾਂ ਕਮੇਟੀ ਨੂੰ ਪੇਸ਼ ਕੀਤੀਆਂ ਜਾਣ।

ਇਸ ਉਪਰੰਤ ਇਹ ਕੇਸ ਦੋਬਾਰਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 19 ਮਿਤੀ 08.01.2020 ਰਾਹੀਂ ਫੈਸਲਾ ਲੈਂਦੇ ਹੋਏ ਇਹ ਮੱਦ ਲੰਬਿਤ ਰਖੀ ਗਈ। ਇਸ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 20 ਮਿਤੀ 23.01.2020 ਰਾਹੀਂ ਇਹ ਟੈਂਡਰ ਰੱਦ ਕਰਕੇ ਦੋਬਾਰਾ ਟੈਂਡਰ ਮੰਗਣ ਲਈ ਕਿਹਾ ਗਿਆ।

ਚੋਥੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 24.02.2020 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਮੈਸ: ਗੋਰਵ ਗੁਪਤਾ, ਕੰਟਰੈਕਟਰ ਦਾ ਪਾਇਆ ਗਿਆ ਜ਼ੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ। ਟੈਂਡਰ ਵਿੱਚ ਠੇਕੇਦਾਰ ਵਲੋਂ ਵਿਸ਼ੇ ਅਧੀਨ ਕੰਮ 13.85% ਸੇਵਿੰਗ ਪਾਈ ਗਈ, ਜਿਸ ਅਨੁਸਾਰ ਠੇਕੇਦਾਰ ਵਲੋਂ ਇਹ ਕੰਮ ਤਖਮੀਨਾ ਰੁਪਏ 67,35,456/- ਦੇ ਵਿਰੁੱਧ ਰੁਪਏ 60,35,524/- ਵਿੱਚ ਕੀਤਾ ਜਾਣਾ ਹੈ।

ਕਿਉਂ ਜ਼ੋ ਸਥਾਨਕ ਸਰਕਾਰ ਦੀਆਂ SOP ਦੀਆਂ ਸ਼ਰਤਾ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਤੋਂ ਲੈਣੀ ਜਰੂਰੀ ਹੁੰਦੀ ਹੈ। ਇਸ ਲਈ ਉਪਰੋਕਤ ਕੰਮ ਦਾ ਤਖਮੀਨਾ ਰੁਪਏ 50.00 ਲੱਖ ਤੋਂ ਜਿਆਦਾ ਦਾ ਹੋਣ ਕਾਰਨ ਇਸ ਦਫਤਰ ਵਲੋਂ ਪੱਤਰ ਨੰਬਰ 257/CE/WS/G ਮਿਤੀ 30.03.2020 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਟੈਂਡਰ ਦੀ ਵੈਟਿੰਗ ਹਿੱਤ ਕੇਸ ਭੇਜਿਆ ਗਿਆ।

ਇਸ ਉਪਰੰਤ ਚੀਫ ਇੰਜੀਨੀਅਰ ਜੀ ਵਲੋਂ ਆਪਣੇ ਪੱਤਰ ਨੰਬਰ ਸੀ.ਈ-2020/17494 ਮਿਤੀ 16.04.2020 ਰਾਹੀਂ Comparative Statement ਦੀ ਵੈਟਿੰਗ ਕਰਦੇ ਹੋਏ ਤਖਮੀਨਾ 67.35 ਲੱਖ ਦੇ ਵਿਰੁੱਧ ਰੁਪਏ 58,02,595/- ਦੀ ਵੈਟਿੰਗ ਕੀਤੀ ਗਈ ਹੈ। ਇਥੇ ਇਹ ਦਸਿਆ ਜਾਂਦਾ ਹੈ ਕਿ ਠੇਕੇਦਾਰ ਨੂੰ ਈ.ਪੀ.ਐਫ/ ਈ.ਐਸ.ਆਈ ਦੀ ਅਦਾਇਗੀ ਐਕਚੁਅਲ ਬੇਸ ਤੇ (As per amended by Govt. time to time) ਕੀਤੀ ਜਾਵੇਗੀ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਅੰਤਿਮ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 27.5.2020 ਅਤੇ ਕਮਿਸ਼ਨਰ ਜੀ ਨੇ ਮਿਤੀ 27.5.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ 4-06-2020 ਰਾਂਹੀ ਟੈਂਡਰ ਵਿੱਤ ਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ/ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ :

ਵਿਚਾਰ ਵਟਾਂਦਰੇ ਦੌਰਾਨ ਕਮਿਸ਼ਨਰ ਜੀ ਨੇ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਕਿ ਇਸ ਟੈਂਡਰ ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿਖੇ ਸਿਵਲ ਰਿਟ ਪਟੀਸ਼ਨ ਨੰ: 7416 ਆਫ 2020 ਦਾਇਰ ਹੋਈ ਹੈ ਜਿਸ ਤੇ ਕਮੇਟੀ ਵਲੋਂ ਇਸ ਟੈਂਡਰ ਨੂੰ ਇਸ ਸ਼ਰਤ ਤੇ ਪ੍ਰਵਾਨਗੀ ਦਿੱਤੀ ਕਿ ਮਾਨਯੋਗ ਅਦਾਲਤ ਦਾ ਇਸ ਕੇਸ ਵਿੱਚ ਜ਼ੋ ਵੀ ਫੈਸਲਾ ਹੋਵੇਗਾ, ਉਹ ਦੋਵੇਂ ਧਿਰਾਂ ਨੂੰ ਮੰਨਣਾ ਪਵੇਗਾ ।ਫੈਸਲਾ ਹੋਇਆ ਕਿ ਇਹਨਾਂ ਟਰਾਲੀਆਂ ਤੋਂ ਲਏ ਜਾਣ ਵਾਲੇ ਕੰਮ ਦਾ ਪੂਰਾ ਕੰਟਰੋਲ ਹੈਲਥ ਐਂਡ ਸੈਨੀਟੇਸ਼ਨ ਕਮੇਟੀ ਪਾਸ ਰਹੇਗਾ ਅਤੇ ਟਰਾਲੀਆਂ ਤੇ ਕੰਮ ਕਰਨ ਵਾਲੇ ਡਰਾਈਵਰ ਅਤੇ ਲੇਬਰ ਵਰਦੀ ਪਾ ਕੇ ਕੰਮ ਕਰਨਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.6.2020

ਮਤਾ ਨੰਬਰ:- 75

ਵਿਸ਼ਾ:- ਜਲੰਧਰ ਸ਼ਹਿਰ ਦੇ ਨੋਰਥ ਹਲਕੇ ਦੇ ਵੱਖ-ਵੱਖ ਵਾਰਡਾਂ ਵਿਚੋਂ ਕੂੜਾ ਚੁੱਕਣ ਲਈ 6 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇੱਕ ਸਾਲ ਵਾਸਤੇ ਕਿਰਾਏ ਤੇ ਲੈਣ ਬਾਰੇ।

ਪੜ੍ਹਿਆ ਨੋਟ ਹੈਲਥ ਅਫਸਰ ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਿਹਤ ਸ਼ਾਖਾ ਵਲੋਂ ਕੀਤੀ ਗਈ ਮੰਗ ਅਨੁਸਾਰ ਸਿਹਤ ਅਫਸਰ ਵਲੋਂ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸ਼ਹਿਰ ਦੇ ਨੋਰਥ ਹਲਕੇ ਦੇ ਵੱਖ-ਵੱਖ ਵਾਰਡਾਂ ਵਿਚੋਂ ਕੂੜਾ ਚੁੱਕਣ ਲਈ 6 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇੱਕ ਸਾਲ ਵਾਸਤੇ ਕਿਰਾਏ ਤੇ ਲੈਣ ਵਾਸਤੇ ਤਖਮੀਨਾ ਰੁਪਏ 57,73,248/- ਦਾ ਤਿਆਰ ਕੀਤਾ ਗਿਆ ਹੈ। ਇਸ ਤਖਮੀਨੇ ਦੀ ਇਨ ਐਟੀਸੀਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਮਿਤੀ 20.08.2019 ਰਾਹੀਂ ਦਿੱਤੀ ਗਈ ਅਤੇ ਬਾਅਦ ਵਿੱਚ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 148(4) ਮਿਤੀ 24.12.2019 ਰਾਹੀਂ ਇਸ ਨੂੰ ਪ੍ਰਵਾਨ ਕੀਤਾ ਗਿਆ।

ਇਸ ਕੰਮ ਲਈ ਵਿਸਥਾਰਪੂਰਵਕ ਐਨ.ਆਈ.ਟੀ ਤਿਆਰ ਕਰਕੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਟਜ ਸਿਸਟਮ ਅਧੀਨ ਠੇਕੇਦਾਰਾਂ ਤੋਂ ਮਿਤੀ 30.09.2019 ਲਈ ਮੰਗੇ ਗਏ ਤੇ ਸਿਰਫ 1 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਨੂੰ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਰੱਦ ਕਰ ਦਿੱਤਾ ਗਿਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 18.10.2019 ਲਈ ਮੰਗੇ ਗਏ ਸਨ ਤੇ ਸਿਰਫ 1 ਟੈਂਡਰ ਪ੍ਰਾਪਤ ਹੋਇਆ ਜ਼ੋ ਕਿ ਕੈਂਸਲ ਕਰਕੇ ਰੀ-ਕਾਲ ਕੀਤੇ ਗਏ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 07.11.2019 ਰਾਹੀਂ ਮੰਗੇ ਗਏ ਤੇ ਸਿਰਫ 1 ਟੈਂਡਰ ਹੀ ਪ੍ਰਾਪਤ ਹੋਇਆ। ਇਸ ਉਪਰੰਤ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 205 ਮਿਤੀ 06.12.2019 ਰਾਹੀਂ ਇਹ ਮੱਦ ਲੰਬਿਤ ਰਖਦੇ ਹੋਏ ਫੈਸਲਾ ਹੋਇਆ ਕਿ ਇਨ੍ਹਾਂ ਟਰਾਂਲੀਆਂ ਪਾਸੋਂ ਲਏ ਜਾਣ ਵਾਲੇ ਕੰਮਾਂ ਲਈ ਕੀਤੀ ਗਈ ਪਲਾਨਿੰਗ ਸਬੰਧੀ ਰਿਪੋਰਟ ਲਿਖਤੀ ਰੂਪ ਵਿੱਚ ਕਮੇਟੀ ਨੂੰ ਪੇਸ਼ ਕੀਤੀ ਜਾਵੇ। ਇਹ ਵੀ ਫੈਸਲਾ ਹੋਇਆ ਕਿ ਪਿਛਲੀਆਂ ਟਰਾਲੀਆਂ ਨੂੰ ਐਨ.ਆਈ.ਟੀ ਦੀਆਂ ਸ਼ਰਤਾਂ ਅਨੁਸਾਰ ਲਗਾਏ ਗਏ ਜੁਰਮਾਨੇ ਸਮੇਤ ਮਿਸਲਾਂ ਕਮੇਟੀ ਨੂੰ ਪੇਸ਼ ਕੀਤੀਆਂ ਜਾਣ।

ਇਸ ਉਪਰੰਤ ਇਹ ਕੇਸ ਦੋਬਾਰਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 19 ਮਿਤੀ 08.01.2020 ਰਾਹੀਂ ਫੈਸਲਾ ਲੈਂਦੇ ਹੋਏ ਇਹ ਮੱਦ ਲੰਬਿਤ ਰਖੀ ਗਈ। ਇਸ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 20 ਮਿਤੀ 23.01.2020 ਰਾਹੀਂ ਇਹ ਟੈਂਡਰ ਰੱਦ ਕਰਕੇ ਦੋਬਾਰਾ ਟੈਂਡਰ ਮੰਗਣ ਲਈ ਕਿਹਾ ਗਿਆ।

ਚੋਥੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 24.02.2020 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਮੈਸ: ਗੋਰਵ ਗੁਪਤਾ, ਕੰਟਰੈਕਟਰ ਦਾ ਪਾਇਆ ਗਿਆ ਜ਼ੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ। ਟੈਂਡਰ ਵਿੱਚ ਠੇਕੇਦਾਰ ਵਲੋਂ ਵਿਸ਼ੇ ਅਧੀਨ ਕੰਮ 14.13% ਸੇਵਿੰਗ ਪਾਈ ਗਈ, ਜਿਸ ਅਨੁਸਾਰ ਠੇਕੇਦਾਰ ਵਲੋਂ ਇਹ ਕੰਮ ਤਖਮੀਨਾ ਰੁਪਏ 57,73,248/- ਦੇ ਵਿਰੁੱਧ ਰੁਪਏ 51,61,172/- ਵਿੱਚ ਕੀਤਾ ਜਾਣਾ ਹੈ।

ਕਿਉਂ ਜ਼ੋ ਸਥਾਨਕ ਸਰਕਾਰ ਦੀਆਂ SOP ਦੀਆਂ ਸ਼ਰਤਾ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਤੋਂ ਲੈਣੀ ਜਰੂਰੀ ਹੁੰਦੀ ਹੈ। ਇਸ ਲਈ ਉਪਰੋਕਤ ਕੰਮ ਦਾ ਤਖਮੀਨਾ ਰੁਪਏ 50.00 ਲੱਖ ਤੋਂ ਜਿਆਦਾ ਦਾ ਹੋਣ ਕਾਰਨ ਇਸ ਦਫਤਰ ਵਲੋਂ ਪੱਤਰ ਨੰਬਰ 258/CE/WS/G ਮਿਤੀ 30.03.2020 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਟੈਂਡਰ ਦੀ ਵੈਟਿੰਗ ਹਿੱਤ ਕੇਸ ਭੇਜਿਆ ਗਿਆ।

ਇਸ ਉਪਰੰਤ ਚੀਫ ਇੰਜੀਨੀਅਰ ਜੀ ਵਲੋਂ ਆਪਣੇ ਪੱਤਰ ਨੰਬਰ ਸੀ.ਈ-2020/17495 ਮਿਤੀ 16.04.2020 ਰਾਹੀਂ Comparative Statement ਦੀ ਵੈਟਿੰਗ ਕਰਦੇ ਹੋਏ ਤਖਮੀਨਾ 57.50 ਲੱਖ ਦੇ ਵਿਰੁੱਧ ਰੁਪਏ 49,38,075/- ਦੀ ਵੈਟਿੰਗ ਕੀਤੀ ਗਈ ਹੈ। ਇਥੇ ਇਹ ਦਸਿਆ ਜਾਂਦਾ ਹੈ ਕਿ ਠੇਕੇਦਾਰ ਨੂੰ ਈ.ਪੀ.ਐਫ/ ਈ.ਐਸ.ਆਈ ਦੀ ਅਦਾਇਗੀ ਐਕਚੁਅਲ ਬੇਸ ਤੇ (As per amended by Govt. time to time) ਕੀਤੀ ਜਾਵੇਗੀ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਅੰਤਿਮ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 27.5.2020 ਅਤੇ ਕਮਿਸ਼ਨਰ ਜੀ ਨੇ ਮਿਤੀ 27.5.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ 4-06-2020 ਰਾਂਹੀ ਟੈਂਡਰ ਵਿੱਤ ਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ/ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ :

ਵਿਚਾਰ ਵਟਾਂਦਰੇ ਦੌਰਾਨ ਕਮਿਸ਼ਨਰ ਜੀ ਨੇ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਕਿ ਇਸ ਟੈਂਡਰ ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿਖੇ ਸਿਵਲ ਰਿਟ ਪਟੀਸ਼ਨ ਨੰ: 7416 ਆਫ 2020 ਦਾਇਰ ਹੋਈ ਹੈ ਜਿਸ ਤੇ ਕਮੇਟੀ ਵਲੋਂ ਇਸ ਟੈਂਡਰ ਨੂੰ ਇਸ ਸ਼ਰਤ ਤੇ ਪ੍ਰਵਾਨਗੀ ਦਿੱਤੀ ਕਿ ਮਾਨਯੋਗ ਅਦਾਲਤ ਦਾ ਇਸ ਕੇਸ ਵਿੱਚ ਜ਼ੋ ਵੀ ਫੈਸਲਾ ਹੋਵੇਗਾ, ਉਹ ਦੋਵੇਂ ਧਿਰਾਂ ਨੂੰ ਮੰਨਣਾ ਪਵੇਗਾ ।ਫੈਸਲਾ ਹੋਇਆ ਕਿ ਇਹਨਾਂ ਟਰਾਲੀਆਂ ਤੋਂ ਲਏ ਜਾਣ ਵਾਲੇ ਕੰਮ ਦਾ ਪੂਰਾ ਕੰਟਰੋਲ ਹੈਲਥ ਐਂਡ ਸੈਨੀਟੇਸ਼ਨ ਕਮੇਟੀ ਪਾਸ ਰਹੇਗਾ ਅਤੇ ਟਰਾਲੀਆਂ ਤੇ ਕੰਮ ਕਰਨ ਵਾਲੇ ਡਰਾਈਵਰ ਅਤੇ ਲੇਬਰ ਵਰਦੀ ਪਾ ਕੇ ਕੰਮ ਕਰਨਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.6.2020

ਮਤਾ ਨੰਬਰ:- 76

ਵਿਸ਼ਾ:- ਜਲੰਧਰ ਸ਼ਹਿਰ ਦੇ ਕੈਂਟ ਹਲਕੇ ਦੇ ਵੱਖ-ਵੱਖ ਵਾਰਡਾਂ ਵਿਚੋਂ ਕੂੜਾ ਚੁੱਕਣ ਲਈ 5 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇੱਕ ਸਾਲ ਵਾਸਤੇ ਕਿਰਾਏ ਤੇ ਲੈਣ ਬਾਰੇ।

ਪੜ੍ਹਿਆ ਨੋਟ ਹੈਲਥ ਅਫਸਰ ਜਿਸ ਨਾਲ ਨਿਗਰਾਨ ਇੰਜੀਨੀਅਰ (ੳ.ਐਂਡ ਐਮ.) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਿਹਤ ਸ਼ਾਖਾ ਵਲੋਂ ਕੀਤੀ ਗਈ ਮੰਗ ਅਨੁਸਾਰ ਸਿਹਤ ਅਫਸਰ ਵਲੋਂ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸ਼ਹਿਰ ਦੇ ਕੈਂਟ ਹਲਕੇ ਦੇ ਵੱਖ-ਵੱਖ ਵਾਰਡਾਂ ਵਿਚੋਂ ਕੂੜਾ ਚੁੱਕਣ ਲਈ 5 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇੱਕ ਸਾਲ ਵਾਸਤੇ ਕਿਰਾਏ ਤੇ ਲੈਣ ਵਾਸਤੇ ਤਖਮੀਨਾ ਰੁਪਏ 48,11,040/- ਦਾ ਤਿਆਰ ਕੀਤਾ ਗਿਆ ਹੈ। ਇਸ ਤਖਮੀਨੇ ਦੀ ਇਨ ਐਟੀਂਸੀਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਮਿਤੀ 03.08.2019 ਰਾਹੀਂ ਦਿੱਤੀ ਗਈ ਅਤੇ ਬਾਅਦ ਵਿੱਚ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 148(5) ਮਿਤੀ 24.12.2019 ਰਾਹੀਂ ਇਸ ਨੂੰ ਪ੍ਰਵਾਨ ਕੀਤਾ ਗਿਆ।

ਇਸ ਕੰਮ ਲਈ ਵਿਸਥਾਰਪੂਰਵਕ ਐਨ.ਆਈ.ਟੀ ਤਿਆਰ ਕਰਕੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਟਜ ਸਿਸਟਮ ਅਧੀਨ ਠੇਕੇਦਾਰਾਂ ਤੋਂ ਮਿਤੀ 30.09.2019 ਲਈ ਮੰਗੇ ਗਏ ਤੇ ਸਿਰਫ 3 ਟੈਂਡਰ ਪ੍ਰਾਪਤ ਹੋਏ, ਜਿਸ ਵਿਚੋਂ ਸਿਰਫ ਇੱਕ ਅਜੰਸੀ ਦੀ ਬਿਡ ਤਕਨੀਕੀ ਪਖੋਂ ਮਿਆਰ ਤੇ ਪੂਰੀ ਸੀ, ਜਿਸ ਕਾਰਨ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਰੱਦ ਕਰ ਦਿੱਤਾ ਗਿਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 18.10.2019 ਲਈ ਮੰਗੇ ਗਏ ਸਨ ਤੇ ਸਿਰਫ 1 ਟੈਂਡਰ ਪ੍ਰਾਪਤ ਹੋਇਆ ਜ਼ੋ ਕਿ ਕੈਂਸਲ ਕਰਕੇ ਰੀ-ਕਾਲ ਕੀਤੇ ਗਏ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 07.11.2019 ਰਾਹੀਂ ਮੰਗੇ ਗਏ ਤੇ ਸਿਰਫ 2 ਟੈਂਡਰ ਪ੍ਰਾਪਤ ਹੋਏ। ਇਸ ਉਪਰੰਤ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ **ਮਤਾ ਨੰਬਰ 205 ਮਿਤੀ 06.12.2019** ਰਾਹੀਂ ਇਹ ਮੱਦ ਲੰਬਿਤ ਰਖਦੇ ਹੋਏ ਫੈਸਲਾ ਹੋਇਆ ਕਿ ਇਨ੍ਹਾਂ ਟਰਾਲੀਆਂ ਪਾਸੋਂ ਲਏ ਜਾਣ ਵਾਲੇ ਕੰਮਾਂ ਲਈ ਕੀਤੀ ਗਈ ਪਲਾਨਿੰਗ ਸਬੰਧੀ ਰਿਪੋਰਟ ਲਿਖਤੀ ਰੂਪ ਵਿੱਚ ਕਮੇਟੀ ਨੂੰ ਪੇਸ਼ ਕੀਤੀ ਜਾਵੇ। ਇਹ ਵੀ ਫੈਸਲਾ ਹੋਇਆ ਕਿ ਪਿਛਲੀਆਂ ਟਰਾਲੀਆਂ ਨੂੰ ਐਨ.ਆਈ.ਟੀ ਦੀਆਂ ਸ਼ਰਤਾਂ ਅਨੁਸਾਰ ਲਗਾਏ ਗਏ ਜੁਰਮਾਨੇ ਸਮੇਤ ਮਿਸਲਾਂ ਕਮੇਟੀ ਨੂੰ ਪੇਸ਼ ਕੀਤੀਆਂ ਜਾਣ।

ਇਸ ਉਪਰੰਤ ਇਹ ਕੇਸ ਦੋਬਾਰਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 19 ਮਿਤੀ 08.01.2020 ਰਾਹੀਂ ਫੈਸਲਾ ਲੈਂਦੇ ਹੋਏ ਇਹ ਮੱਦ ਲੰਬਿਤ ਰਖੀ ਗਈ। ਇਸ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 20 ਮਿਤੀ 23.01.2020 ਰਾਹੀਂ ਇਹ ਟੈਂਡਰ ਰੱਦ ਕਰਕੇ ਦੋਬਾਰਾ ਟੈਂਡਰ ਮੰਗਣ ਲਈ ਕਿਹਾ ਗਿਆ।

ਚੋਥੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 24.02.2020 ਲਈ ਮੰਗੇ ਗਏ ਤੇ ਤਿੰਨ ਟੈਂਡਰ ਪ੍ਰਾਪਤ ਹੋਏ ਜਿਨ੍ਹਾਂ ਵਿਚੋਂ ਮੈਸ ਗੋਰਵ ਗੁਪਤਾ, ਕੰਟਰੈਕਟਰ ਦਾ ਟੈਂਡਰ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ ਅਤੇ ਬਾਕੀ ਦੋਵੇਂ ਅਜੰਸੀਆਂ ਤਕਨੀਕੀ ਪਖੋਂ ਮਿਆਰ ਤੇ ਪੂਰੀਆਂ ਨਹੀਂ ਸਨ। ਮੈਸ: ਗੋਰਵ ਗੁਪਤਾ, ਕੰਟਰੈਕਟਰ ਵਲੋਂ ਵਿਸ਼ੇ ਅਧੀਨ ਕੰਮ ਤੇ 10.13% ਸੇਵਿੰਗ ਪਾਈ ਗਈ, ਜਿਸ ਅਨੁਸਾਰ ਇਹ ਕੰਮ ਤਖਮੀਨਾ ਰੁਪਏ 48,11,040/- ਦੇ ਵਿਰੁੱਧ ਰੁਪਏ 43,23,681/- ਵਿੱਚ ਕੀਤਾ ਜਾਣਾ ਹੈ। ਇਥੇ ਇਹ ਦਸਿਆ ਜਾਂਦਾ ਹੈ ਕਿ ਠੇਕੇਦਾਰ ਨੂੰ ਈ.ਪੀ.ਐਫ/ ਈ.ਐਸ.ਆਈ ਦੀ ਅਦਾਇਗੀ ਐਕਚੁਅਲ ਬੇਸ ਤੇ (As per amended by Govt. time to time) ਕੀਤੀ ਜਾਵੇਗੀ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਅੰਤਿਮ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ ਜੀ। ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 27.5.2020 ਅਤੇ ਕਮਿਸ਼ਨਰ ਜੀ ਨੇ ਮਿਤੀ 27.5.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ 4-06-2020 ਰਾਂਹੀ ਟੈਂਡਰ ਵਿੱਤ ਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ/ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ :

ਵਿਚਾਰ ਵਟਾਂਦਰੇ ਦੌਰਾਨ ਕਮਿਸ਼ਨਰ ਜੀ ਨੇ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਕਿ ਇਸ ਟੈਂਡਰ ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿਖੇ ਸਿਵਲ ਰਿਟ ਪਟੀਸ਼ਨ ਨੰ: 7416 ਆਫ 2020 ਦਾਇਰ ਹੋਈ ਹੈ ਜਿਸ ਤੇ ਕਮੇਟੀ ਵਲੋਂ ਇਸ ਟੈਂਡਰ ਨੂੰ ਇਸ ਸ਼ਰਤ ਤੇ ਪ੍ਰਵਾਨਗੀ ਦਿੱਤੀ ਕਿ ਮਾਨਯੋਗ ਅਦਾਲਤ ਦਾ ਇਸ ਕੇਸ ਵਿੱਚ ਜ਼ੋ ਵੀ ਫੈਸਲਾ ਹੋਵੇਗਾ, ਉਹ ਦੋਵੇਂ ਧਿਰਾਂ ਨੂੰ ਮੰਨਣਾ ਪਵੇਗਾ ।ਫੈਸਲਾ ਹੋਇਆ ਕਿ ਇਹਨਾਂ ਟਰਾਲੀਆਂ ਤੋਂ ਲਏ ਜਾਣ ਵਾਲੇ ਕੰਮ ਦਾ ਪੂਰਾ ਕੰਟਰੋਲ ਹੈਲਥ ਐਂਡ ਸੈਨੀਟੇਸ਼ਨ ਕਮੇਟੀ ਪਾਸ ਰਹੇਗਾ ਅਤੇ ਟਰਾਲੀਆਂ ਤੇ ਕੰਮ ਕਰਨ ਵਾਲੇ ਡਰਾਈਵਰ ਅਤੇ ਲੇਬਰ ਵਰਦੀ ਪਾ ਕੇ ਕੰਮ ਕਰਨਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.6.2020

**ਮਤਾ ਨੰਬਰ:- 77**

ਵਿਸ਼ਾ:- ਸੀਵਰੇਜ਼ ਦੀ ਮੇਨਟੀਨੈਂਸ ਲਈ ਸੀਵਰੇਮੈਨ ਸਟਾਫ ਵਾਸਤੇ ਓ.ਐਂਡ.ਐਮ ਸਟੋਰ ਵਿੱਚ ਸਟੀਲ ਦੀਆਂ ਰੋਡਾਂ ਦੀ ਖਰੀਦ ਕਰਨ ਲਈ ਸਲਾਨਾ ਤਖਮੀਨਾ। ਈ-ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾ ਰੁਪਏ 15,34,000/- (18% ਜੀ.ਐਸ.ਟੀ ਸਮੇਤ)
ਟੈਂਡਰ ਅਮਾਊਂਟ ਰੁਪਏ 7,51,660/- ਸੇਵਿੰਗ 51%
ਅਜੰਸੀ ਦਾ ਨਾਮ:- ਮੈਸਰਜ ਗੁਰੂ ਨਾਨਕ ਆਟੋ ਅਜੰਸੀ ਜਲੰਧਰ
ਪੈਨ ਨੰ: AAEFG8534B GST No 03 AAEFG85341ZV

ਸੀਵਰੇਜ਼ ਦੀ ਮੇਨਟੀਨੈਂਸ ਲਈ ਸੀਵਰੇਮੈਨ ਸਟਾਫ ਵਾਸਤੇ ਓ.ਐਂਡ.ਐਮ ਸਟੋਰ ਵਿੱਚ ਸਟੀਲ ਦੀਆਂ ਰੋਡਾਂ ਦੀ ਖਰੀਦ ਕਰਨ ਲਈ ਸਲਾਨਾ ਤਖਮੀਨਾ ਰੁਪਏ 15,34,000/- ਦਾ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 144(1) ਮਿਤੀ 24.12.19 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 7894 ਮਿਤੀ 06.02.2020 ਰਾਹੀਂ ਹੋ ਗਈ ਹੈ।

ਪਹਿਲੀ ਬਾਰੀ ਇਸ ਸਮਾਨ ਦੀ ਖਰੀਦ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਰਜਿਸਟ੍ਰਡ ਡੀਲਰਜ਼/ਟ੍ਰੇਡਰਜ਼ ਤੋ ਮਿਤੀ 06.03.2020 ਲਈ ਮੰਗੇ ਗਏ ਸਨ, ਕੁੱਲ 6 ਟੈਂਡਰ ਪ੍ਰਾਪਤ ਹੋਏ ਸਨ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਸਨ। ਇਸ ਲਈ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ। ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦੇ ਰੇਟ ਸਭ ਤੋ ਘੱਟ ਪਾਏ ਗਏ। ਇਹ ਅਜੰਸੀ ਵਿਸ਼ੇ ਅਧੀਨ ਸਮਾਨ ਤਖਮੀਨਾ ਰੁਪਏ 15,34,000/- ਦੇ ਵਿਰੁੱਧ 51% ਦੀ ਸੇਵਿੰਗ ਨਾਲ ਰੁਪਏ 7,51,660/- ਵਿੱਚ ਸਮਾਨ ਸਪਲਾਈ ਕਰੇਗੀ। ਇਹ ਸਮਾਨ ਵਿਭਾਗੀ ਲੋੜ ਅਨੁਸਾਰ ਇਕ ਸਾਲ ਦੇ ਦੌਰਾਨ 2-3 ਕਿਸ਼ਤਾ ਵਿੱਚ ਖਰੀਦਿਆਂ ਜਾਵੇਗਾ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 13.3.2020 ਰਾਹੀਂ ਉਪਰੋਕਤ ਅਨੁਸਾਰ ਇਹ ਟੈਂਡਰ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਿਫਾਰਸ਼ ਕੀਤੀ ਹੈ ਅਤੇ ਚੇਅਰਮੈਨ ਵਾਟਰ ਸਪਲਾਈ ਅਤੇ ਸੀਵਰੇਜ਼ ਡਿਸਪੋਜਲ ਸਬ ਕਮੇਟੀ ਨੇ ਮਿਤੀ 29.5.2020 ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 3.6.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ 4-06-2020 ਰਾਂਹੀ ਟੈਂਡਰ ਵਿੱਤ ਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ/ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ :
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.6.2020

**ਮਤਾ ਨੰਬਰ:– 78**

ਵਿਸ਼ਾ:– ਓਪਰੇਸ਼ਨ ਐਂਡ ਮੇਨਟੀਨੈਂਸ ਆਫ ਸੀਵਰ ਜੈਟਿੰਗ ਮਸ਼ੀਨਜ਼ (ਕਪੈਸਟੀ 6000 ਲੀਟਰ) ਵਰਕਿੰਗ ਇਨ ਓ.ਐਂਡ.ਐਮ ਸੈਲ। ਈ–ਟੈਂਡਰ ਪ੍ਰਵਾਨਗੀ ਹਿੱਤ

| | | | | |
|---|---|---|---|---|
| ਤਖਮੀਨਾ | ਰੁਪਏ 28,03,680/– | ਟੈਂਡਰ ਅਮਾਉਂਟ ਰੁਪਏ 24,86,864/– | | ਸੇਵਿੰਗ 11.30% |
| ਪ੍ਰਾਪਤ ਟੈਂਡਰ | 1( ਤੀਸਰੀ ਬਾਰੀ) | ਅਜੰਸੀ ਦਾ ਨਾਮ:– Quality Hydraulics Pvt. Ltd | | |
| EPF No. | MRMRT 1769233000 | ESI 67000636290000606 | | |

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਨਗਰ ਨਿਗਮ ਦੇ ਵੱਖ–ਵੱਖ ਵਾਰਡਾਂ ਅਧੀਨ ਪੈਂਦੇ ਵੱਖ–ਵੱਖ ਇਲਾਕੀਆਂ ਵਿੱਚ ਸੀਵਰੇਜ਼ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਵਰਤੀ ਜਾ ਰਹੀ ਸੀਵਰ ਜੈਟਿੰਗ ਮਸ਼ੀਨ ਨੰਬਰ PB 08 DG 9739 ਅਤੇ PB 08 DG 9735 ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਟਰੈਕਟ ਖਤਮ ਹੋ ਰਿਹਾ ਹੈ। ਇਸ ਲਈ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਰੁਪਏ 28,03,680/– ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵੱਲੋਂ ਅਪਣੇ ਮਤਾ ਨੰ: 101(15) ਮਿਤੀ 29.11.19 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 9305 ਮਿਤੀ 18.02.20 ਰਾਹੀਂ ਦਿੱਤੀ ਗਈ ਹੈ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ–ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਪਹਿਲੀ ਬਾਰੀ ਮਿਤੀ 28.02.20 ਲਈ ਮੰਗੇ ਗਏ ਸਨ, ਪਰੰਤੂ ਇਕ ਟੈਂਡਰ ਪ੍ਰਾਪਤ ਹੋਇਆ, ਜ਼ੋ ਕਿ ਸਰਕਾਰ ਦੀ ਨੋਟੀਫਿਕੇਸ਼ਨ ਅਤੇ ਐਸ.ਓ.ਪੀ ਦੀ ਕੰਡੀਸ਼ਨਜ਼ ਅਨੁਸਾਰ ਇਹਨਾਂ ਟੈਂਡਰਾਂ ਨੂੰ ਰਿ ਕਾਲ ਕੀਤਾ ਗਿਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਮਿਤੀ 26.03.2020 ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ–ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਤੀਸਰੀ ਬਾਰੀ ਮਿਤੀ 16.04.2020 ਲਈ ਮੰਗੇ ਗਏ ਸਨ, ਪਰੰਤੂ **ਸਰਕਾਰ ਵੱਲੋਂ ਮਿਤੀ 22.03.2020 ਰਾਹੀਂ <u>Lockdown/ Curfew as precautionary measures against COVID-19</u>. ਰਾਹੀਂ ਲਗਾ ਦਿੱਤਾ ਗਿਆ ਸੀ, ਜਿਸ ਕਾਰਨ ਇਹਨਾ ਟੈਂਡਰਾਂ ਦੀ ਮਿਆਰ ਮਿਤੀ 04.05.2020 ਤੱਕ ਵੱਧਾ ਦਿੱਤੀ ਗਈ ਸੀ। ਇਥੇ ਇਹ ਵੀ ਦਸਣਯੋਗ ਹੈ ਕਿ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਅਤੇ ਇਹ ਜੈਟਿੰਗ ਮਸ਼ੀਨਾਂ ਨੂੰ ਨਿਰਵਿਘਨ ਚਲਾਉਣ ਬਹੁਤ ਜਰੂਰੀ ਸੀ ਜਿਸ ਕਾਰਨ ਇਹਨਾ ਕੰਮਾਂ ਦੇ ਟੈਂਡਰਾਂ ਨੂੰ ਖੋਲਣ ਦੇ ਹੁਕਮ ਮਾਨਯੋਗ ਕਮਿਸ਼ਨਰ ਜੀ ਵੱਲੋਂ ਮਿਤੀ 14.05.2020 ਰਾਹੀਂ ਦਿੱਤੀ ਗਏ। ਇਹਨਾਂ ਹੁਕਮ ਦੀ ਪਾਲਣਾ ਕਰਕੇ ਹੋਏ ਇਹਨਾਂ ਟੈਂਡਰਾਂ ਨੂੰ ਖੋਲਿਆ ਗਿਆ** ਕੁੱਲ 1 ਟੈਂਡਰ ਪ੍ਰਾਪਤ ਹੋਇਆ, ਜਿਹੜਾ ਤਕਨੀਕੀ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਹ ਅਜੰਸੀ 11.30% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 28,03,680/– ਦੇ ਵਿਰੁੱਧ ਰੁਪਏ 24,86,864/– ਵਿੱਚ ਕਰੇਗੀ।

ਕਿਉ ਜ਼ੋ ਪਬਲਿਕ ਹਿੱਤ ਵਿੱਚ ਇਹ ਦੋਨੋਂ ਸੀਵਰ ਜੈਟਿੰਗ ਮਸ਼ੀਨਾਂ ਨਿਰਵਿਘਨ ਚਲਾਉਣੀਆਂ ਅਤਿ ਜਰੂਰੀ ਹਨ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 20.5.2020 ਰਾਹੀਂ ਉਪਰੋਕਤ ਅਨੁਸਾਰ ਇਹ ਟੈਂਡਰ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 27.5.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ 4–06–2020 ਰਾਂਹੀ ਟੈਂਡਰ ਵਿੱਤ ਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ/ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ :

ਐਸ.ਈ.(ਓ ਐਂਡ ਐਮ) ਨੇ ਦੱਸਿਆ ਕਿ ਸਰਕਾਰ ਦੇ ਪੱਤਰ ਨੰ: 18409–11 ਮਿਤੀ 7.5.2020 ਰਾਹੀਂ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਓਪਰੇਸ਼ਨ ਅਤੇ ਮੇਨਟੀਨੈਂਸ ਵਰਗੇ ਜ਼ਰੂਰੀ ਕੰਮ ਨਿਰਵਿਘਨ ਚਲਾਉਣੇ ਅਤਿ ਜ਼ਰੂਰੀ ਹਨ, ਜਿਸ ਲਈ ਉਹਨਾਂ ਦੇ ਟੈਂਡਰ ਮਿਤੀ 30.5.2020 ਤੋਂ ਪਹਿਲਾਂ ਖੋਲ੍ਹੇ ਜਾ ਸਕਦੇ ਹਨ ਦੀ ਪਾਲਣਾ ਕਰਦੇ ਹੋਏ ਹੀ ਕਮਿਸ਼ਨਰ ਜੀ ਦੇ ਹੁਕਮ ਮਿਤੀ 14.5.2020 ਉਪਰੰਤ ਇਹ ਟੈਂਡਰ ਖੋਲ੍ਹੇ ਗਏ ਸਨ । ਵਿਚਾਰਣ ਉਪਰੰਤ ਕਮੇਟੀ ਵਲੋਂ ਇਸ ਟੈਂਡਰ ਨੂੰ ਪ੍ਰਵਾਨ ਕੀਤਾ ਜਾਂਦਾ ਹੈ । ਇਹ ਵੀ ਫੈਸਲਾ ਹੋਇਆ ਕਿ ਇਹਨਾਂ ਜੈਟਿੰਗ ਮਸ਼ੀਨਾਂ ਦੇ ਡਰਾਈਵਰ ਓਪਰੇਟਰਾਂ ਨੂੰ ਵਾਟਰ ਸਪਲਾਈ ਐਂਡ ਸੀਵਰੇਜ਼ ਡਿਸਪੋਜ਼ਲ ਕਮੇਟੀ ਵਲੋਂ ਇੰਟਰਵਿਊ ਆਦਿ ਲੈਣ ਉਪਰੰਤ ਹੀ ਰੱਖਿਆ ਜਾਵੇਗਾ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

8.6.2020

**ਮਤਾ ਨੰਬਰ:- 79**

ਵਿਸ਼ਾ:- ਨਗਰ ਨਿਗਮ ਵਿੱਚ ਚੱਲ ਰਹੀਆਂ ਸੀਵਰ ਜੈਟਿੰਗ ਮਸ਼ੀਨਾਂ ਵਾਸਤੇ 3/4" ਸੀਵਰ ਜੈਟਿੰਗ ਹੋਜ ਪਾਈਪ (ਮੇਕ ਪਾਰਕਰ ਇੱਟਲੀ/ਜੈਕ ਇੱਟਲੀ/ਜਾਉਦਾ ਯੂ.ਐਸ.ਏ) ਅਤੇ ਸਟੇਨਲੈਸ ਸਟਰੀਲ ਨੋਜ਼ਲਾਂ ਦੀ ਖਰੀਦ ਬਾਰੇ ਸਲਾਨਾ ਤਖਮੀਨਾ। ਈ-ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾ ਰੁਪਏ 20,13,670/- (18% ਜੀ.ਐਸ.ਟੀ ਸਮੇਤ)
ਟੈਂਡਰ ਅਮਾਉਂਟ ਰੁਪਏ 11,74,170/- ਸੇਵਿੰਗ 41.69%
ਅਜੰਸੀ ਦਾ ਨਾਮ:- ਮੈਸਰਜ ਲਲੀਤ ਮਸ਼ੀਨਰੀ ਸਟੋਰ ਨਿਉ ਦਿੱਲੀ
ਪੈਨ ਨੰ: AAFFL 2284C GST No 07 AAFFL2284C1ZK

ਨਗਰ ਨਿਗਮ ਵਿੱਚ ਚੱਲ ਰਹੀਆਂ ਸੀਵਰ ਜੈਟਿੰਗ ਮਸ਼ੀਨਾਂ ਵਾਸਤੇ 3/4" ਸੀਵਰ ਜੈਟਿੰਗ ਹੋਜ ਪਾਈਪ (ਮੇਕ ਪਾਰਕਰ ਇੱਟਲੀ/ਜੈਕ ਇੱਟਲੀ/ਜਾਉਦਾ ਯੂ.ਐਸ.ਏ) ਅਤੇ ਸਟੇਨਲੈਸ ਸਟਰੀਲ ਨੋਜ਼ਲਾਂ ਦੀ ਖਰੀਦ ਬਾਰੇ ਸਲਾਨਾ ਤਖਮੀਨਾ ਰੁਪਏ 20,13,670/- ਦਾ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਨੇ ਅਪਣੇ ਮਤਾ ਨੰ: 144(11) ਮਿਤੀ 24.12.19 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 7894 ਮਿਤੀ 06.02.2020 ਰਾਹੀਂ ਹੋ ਗਈ ਹੈ।

ਪਹਿਲੀ ਬਾਰੀ ਇਸ ਸਮਾਨ ਦੀ ਖਰੀਦ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਰਜਿਸਟ੍ਰਡ ਡੀਲਰਜ਼/ਟ੍ਰੇਡਰਜ਼ ਤੋ ਮਿਤੀ 06.03.2020 ਲਈ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੋਏ ਸਨ, ਜਿਹੜੇ ਤਕਨੀਕੀ ਪੱਖੋ ਮਿਆਰ ਤੇ ਪੂਰੇ ਸਨ। ਇਸ ਲਈ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ। ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦੇ ਰੇਟ ਸਭ ਤੋ ਘੱਟ ਪਾਏ ਗਏ। ਇਹ ਅਜੰਸੀ ਵਿਸ਼ੇ ਅਧੀਨ ਸਮਾਨ ਤਖਮੀਨਾ ਰੁਪਏ 20,13,670/- ਦੇ ਵਿਰੁੱਧ 41.69% ਦੀ ਸੇਵਿੰਗ ਨਾਲ ਰੁਪਏ 11,74,170/- ਵਿੱਚ ਸਮਾਨ ਸਪਲਾਈ ਕਰੇਗੀ। ਇਹ ਸਮਾਨ ਵਿਭਾਗੀ ਲੋੜ ਅਨੁਸਾਰ ਇਕ ਸਾਲ ਦੇ ਦੌਰਾਨ 2-3 ਕਿਸ਼ਤਾ ਵਿੱਚ ਖਰੀਦੀਆਂ ਜਾਵੇਗਾ।

ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 13.3.2020 ਰਾਹੀਂ ਉਪਰੋਕਤ ਅਨੁਸਾਰ ਇਹ ਟੈਂਡਰ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਿਫਾਰਸ਼ ਕੀਤੀ ਹੈ ਅਤੇ ਚੇਅਰਮੈਨ ਵਾਟਰ ਸਪਲਾਈ ਅਤੇ ਸੀਵਰੇਜ਼ ਡਿਸਪੋਜਲ ਸਬ ਕਮੇਟੀ ਨੇ ਮਿਤੀ 29.5.2020 ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 3.6.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ 4-06-2020 ਰਾਂਹੀ ਟੈਂਡਰ ਵਿੱਤ ਤੇ ਠੇਕਾ ਕਮੇਟੀ ਵਿਚ ਵਿਚਾਰ ਵਟਾਂਦਰੇ/ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ :
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.6.2020

ਮਤਾ ਨੰਬਰ:- 80
ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|---|
| 1. | 8 | P/F I Tiles on the streets of area Ladhewali Near Singh Sabha Gurdwara | 32.00 | 31.45 | 22.86% | 24.26 | Majhail LC Society | 1ST Time | 4 | 100(5) dt. 25.6.2018 |
| 2. | 37 | Const of Various CC streets Ganesh Nagar & Ashok Nagar | 35.06 | 35.06 | 19.96% | 28.06 | Gagandeep Arora | 1ST Time | 7 | 99(19) dt 25.6.2018 |
| 3. | 65 | Const. of CC street in Gandhi Camp near FCI Godown. | 31.05 | 30.99 | 17.17% | 25.67 | Jasbir Singh Govt. Contractor | 1ST Time | 6 | 142(111) dt. 24.12.2019 |
| 4. | 78 | Const. of various streets of Guru Nanak Nagar. (UEIP Grant) | 66.17 | 66.17 | 16.17% | 55.89 | Vikas Gambhir | 3rd Time | 2 | 81(W-23) dt. 29.11.2019 |
| 5. | 46 | Const of Various Streets in Guru Harkrishan Nagar Adjoining Kot Mohalla. | 20.44 | 20.44 | 15.15% | 17.34 | Parminder Singh Govt. Contractor | 1ST Time | 4 | 99(62) dt. 25.6.2018 |
| 6. | 41 | Const of Various streets of Ishwar Ngr with 60mm tiles | 25.42 | 23.66 | 13.87% | 20.38 | Moga LC Society | 1ST Time | 3 | 99(39) dt. 25.6.2018 |
| 7. | 44 | Construction of Street in Bania Mohalla Ward Ward No. 44 | 12.03 | 12.03 | 11.68% | 10.62 | Vikas Gambhir Govt. Contractor | 1ST Time | 4 | 83(70) dt. 29.11.2019 |
| 8. | 6 | Const. of CC flooring in streets near Sr. Sec. School in Lamba Pind. | 7.21 | 7.21 | 10.15% | 6.48 | Inderprast LC Society | 1ST Time | 5 | 97(10) dt. 25.6.2018 |
| 9. | 63 | Const. of Footpath & P/F Interlocking tiles on sides of Saipur road. | 15.76 | 15.61 | 8.97% | 14.21 | Moga LC Society | 1ST Time | 3 | 83(58) dt 29.11.2019 |
| 10. | 68 | Const. of CC roads at Sangat Singh Nagar & Balwant Nagar. | 34.31 | 34.31 | 7.86% | 31.61 | Shiva Co.Op LC Society | 1ST Time | 3 | 97(68) dt. 25.6.2018 |
| 11. | 6 | Const. of CC flooring in streets near Akal Metal works in Lamba Pind. | 5.41 | 5.41 | 6.66% | 5.05 | New Amar Co.Op. LC Society | 1ST Time | 3 | 97(09) dt. 25.6.2018 |
| 12. | 53 | Const. of CC streets near Dev Raj School. | 6.87 | 6.87 | 2.07% | 6.73 | Laxmi Co.Op.LC Society | 1ST Time | 3 | 97(20) dt. 25.6.2018 |
| 13. | 6 | Const. of CC flooring in streets near 1st Patshahi Gurudwara in Lamba Pind. | 6.00 | 6.00 | 2.07% | 5.88 | Laxmi Co.Op. LC Society | 1ST Time | 3 | 97(12) dt. 25.6.2018 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ :
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.6.2020